# Calendar 2025

*Sri Guru Amar Das Ji: A Homage to His Timeless Legacy*

ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ॥

ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ।

# Sri Guru Gobind Singh College

**SECTOR 26, CHANDIGARH**

**NAAC RE-ACCREDITED GRADE 'A'**

**An Institution of the Sikh Educational Society**

**POSTGRADUATE CO-EDUCATIONAL INSTITUTE AFFILIATED TO PANJAB UNIVERSITY, CHANDIGARH**

**Website : www.sggscollege.ac.in**


SRI GURU GOBIND SINGH COLLEGE CHANDIGARH
MAHARAJA RANJIT SINGH BHAWA

# *A Glimpse into the Life of Sri Guru Amar Das ji*

ਤੀਜੇ ਨਾਨਕ ਸ੍ਰੀ ਗੁਰੂ ਅਮਰਦਾਸ ਜੀ ਦਾ ਜੀਵਨ ਸੇਵਾ, ਸਿਮਰਨ, ਪ੍ਰੇਮ, ਸਿਰੜ ਅਤੇ ਭਰੋਸੇ ਦੀ ਅਨੂਠੀ ਮਿਸਾਲ ਹੈ। ਭੱਟ ਕੀਰਤ ਦੀ ਲਿਖਤ 'ਗੁਰ ਅਮਰਦਾਸ ਕੀ ਅਕਥ ਕਥਾ ਹੈ ਇਕ ਜੀਹ ਕਛੁ ਕਹੀ ਨ ਜਾਈ' ਅਨੁਸਾਰ ਸ੍ਰੀ ਗੁਰੂ ਅਮਰਦਾਸ ਜੀ ਦੀ ਮਹਿਮਾ ਕਥਨ ਤੋਂ ਬਾਹਰ ਹੈ। ਗੁਰੂ-ਘਰ ਦੇ ਰਾਗੀ ਰਾਇ ਬਲਵੰਡਿ ਤਥਾ ਸਤੈ ਡੂੰਮਿ ਨੇ ਆਪ ਜੀ ਦੀ ਸ਼ਖ਼ਸੀਅਤ ਨੂੰ 'ਪਰਬਤ ਮੇਰਾਣੁ' ਕਹਿ ਕੇ ਵਡਿਆਇਆ ਹੈ।

ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ 5 ਮਈ 1479 ਈ. ਨੂੰ ਮਾਤਾ ਸੁਲਖਣੀ ਜੀ ਦੀ ਕੁੱਖੋਂ ਪਿਤਾ ਤੇਜ ਭਾਨ ਜੀ ਦੇ ਘਰ ਨਗਰ ਬਾਸਰਕੇ ਵਿਖੇ ਹੋਇਆ। ਆਪ ਜੀ ਦਾ ਵਿਆਹ ਦੇਵੀ ਚੰਦ ਦੀ ਸਪੁੱਤਰੀ ਮਨਸਾ ਦੇਵੀ ਨਾਲ ਹੋਇਆ ਅਤੇ ਆਪ ਜੀ ਦੇ ਘਰ ਦੋ ਪੁੱਤਰਾਂ ਭਾਈ ਮੋਹਨ, ਮੋਹਰੀ ਅਤੇ ਦੋ ਸਪੁੱਤਰੀਆਂ ਬੀਬੀ ਦਾਨੀ ਅਤੇ ਬੀਬੀ ਭਾਨੀ ਦਾ ਜਨਮ ਹੋਇਆ। ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ, ਜੋ ਰਿਸ਼ਤੇ ਵਿੱਚ ਆਪ ਜੀ ਦੀ ਨੂੰਹ ਲੱਗਦੇ ਸਨ ਦੇ ਮੁੱਖੋਂ ਬਾਣੀ ਸੁਣ ਕੇ ਆਪ ਜੀ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਨ ਦੀ ਤਾਂਘ ਉੱਠੀ। ਆਪ ਜੀ ਖਡੂਰ ਸਾਹਿਬ ਵਿਖੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੰਗਤ ਕਰਨ ਲੱਗ ਗਏ। ਗੁਰੂ ਅਮਰਦਾਸ ਜੀ ਨੇ ਬਾਰਾਂ ਸਾਲ ਖਡੂਰ ਸਾਹਿਬ ਵਿਖੇ ਸੇਵਾ ਵਿੱਚ ਗੁਜ਼ਾਰੇ। ਗੁਰ-ਸੇਵਾ ਅਤੇ ਪ੍ਰਭੂ-ਸਿਮਰਨ ਰਾਹੀਂ ਮਨ ਨੂੰ ਗੁਰਮਤਿ ਨਾਲ ਪ੍ਰਕਾਸ਼ਮਾਨ ਕਰਨ ਦੇ ਨਤੀਜੇ ਵਜੋਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪ ਜੀ ਨੂੰ ਗੁਰਗੱਦੀ ਦਾ ਵਾਰਸ ਥਾਪ ਦਿੱਤਾ। ਗੁਰਿਆਈ ਪ੍ਰਾਪਤੀ ਉਪਰੰਤ ਆਪ ਜੀ ਨੇ ਗੋਇੰਦਵਾਲ ਸਾਹਿਬ ਨੂੰ ਪ੍ਰਚਾਰ ਦਾ ਕੇਂਦਰ ਬਣਾਇਆ। ਇੱਥੇ ਹੀ 95 ਸਾਲ ਦੀ ਉਮਰ ਵਿੱਚ 1574 ਈ. ਨੂੰ ਸ੍ਰੀ ਗੁਰੂ ਅਮਰਦਾਸ ਜੀ ਜੋਤੀ-ਜੋਤਿ ਸਮਾ ਗਏ।

---

The life of the third Guru, Sri Guru Amar Das ji, stands as a unique example of service, devotion, love, humility and unwavering faith. As stated by Bhatt Kirat, 'ਗੁਰ ਅਮਰਦਾਸ ਕੀ ਅਕਥ ਕਥਾ ਹੈ ਇਕ ਜੀਹ ਕਛੁ ਕਹੀ ਨ ਜਾਈ', the glory of Sri Guru Amar Das ji is beyond description. Renowned for his steadfastness amidst worldly trials, Sri Guru Amar Das ji's character is likened to *Parbat Meran* (Mount Meran) by Rai Balwand and Satta Doom, eminent bards of his court.

Born on May 5, 1479, at Basarke to Mata Sulakhni ji and Baba Tej Bhan ji, Sri Guru Amar Das ji married Mansa Devi daughter of Devi Chand, with whom he had two sons, Bhai Mohan and Bhai Mohri, and two daughters, Bibi Dani and Bibi Bhani ji. Listening to the *bani* of Sri Guru Angad Dev ji recited by Bibi Amro ji, daughter of Guru Angad Dev ji and daughter-in-law of Guru Amar Das ji, awakened a deep longing in him to meet Guru Angad Dev ji. Serving Guru Angad Dev ji at Khadoor Sahib for 12 years, Guru Amar Das ji's *seva* and *simran* led to spiritual enlightenment. Recognising his divinity, Sri Guru Angad Dev ji appointed him as his successor. As Guru, he established Goindwal Sahib as the centre of preaching. Sri Guru Amar Das ji passed away in 1574 at the age of 95 to attain eternal union with the *Akal Purakh*.

***This calendar honours Sri Guru Amar Das ji's unparalleled contributions on the 450th anniversary of his passing in 2024 - a tribute to a legacy that remains eternal.***

# Seva - A Journey of Humility & Service

ਸਿੱਖੀ ਵਿੱਚ ਗੁਰੂ ਪ੍ਰਤੀ ਮੁਕੰਮਲ ਸਮਰਪਣ ਹੀ ਸੇਵਾ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰੂ-ਘਰ ਵਿੱਚ ਲੰਗਰ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਇਸ਼ਨਾਨ ਲਈ ਜਲ ਦੀ ਸੇਵਾ 'ਜਲ ਕੀ ਸੇਵਾ ਦਿਹੁ ਮੁਝ ਦਾਨ' ਕਹਿ ਕੇ ਮੰਗੀ ਸੀ। ਆਪ ਵੱਲੋਂ ਬਿਆਸਾ ਦਰਿਆ ਤੋਂ ਜਲ ਦੀ ਗਾਗਰ ਢੋਣ, ਚੁੱਲ੍ਹਾ ਝੋਕਣ, ਜੂਠੇ ਭਾਂਡੇ ਮਾਂਜਣ ਦੀ ਪਿਆਰ ਸਹਿਤ ਨਿਭਾਈ ਸੇਵਾ ਆਪ ਦੀ ਨਿਮਰਤਾ, ਸਹਿਣਸ਼ੀਲਤਾ ਤੇ ਆਤਮਕ ਬੁਲੰਦੀ ਦੀ ਟੋਹ ਦਿੰਦੇ ਹਨ। ਗੁਰੂ ਸਾਹਿਬ ਅਨੁਸਾਰ ਸੇਵਾ ਨਾਲ ਹਿਰਦਾ ਸ਼ੁੱਧ ਹੁੰਦਾ ਹੈ, ਹਉਮੈ ਦੂਰ ਹੁੰਦੀ ਹੈ ਅਤੇ ਪਰਮਾਤਮਾ ਦਾ ਨਾਮ (ਗੁਣ) ਮਨ ਵਿੱਚ ਵੱਸਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਦੇ ਸਮਰਪਣ ਤੋਂ ਖੁਸ਼ ਹੋ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਉਹਨਾਂ ਨੂੰ 'ਨਾਨਕ ਜੋਤਿ' ਦਾ ਅਗਲਾ ਵਾਰਸ ਥਾਪਿਆ।

In Sikhism, true *seva* (service) is complete devotion to the *Guru*. Sri Guru Amar Das ji earnestly sought permission from Sri Guru Angad Dev ji to serve by fetching water for the Guru's bath and by contributing to the *langar* in the *Guru Ghar*. With deep devotion, he carried water from the Beas River, tended the stoves and lovingly washed the dishes. During this service, his humility and patience reflected his spiritual height. According to Guru Sahib, through selfless service, the heart becomes purified, ego is removed and the name of God is instilled in the mind. Pleased with Guru Amar Das ji's multifarious services, Guru Angad Dev ji honoured him by making him a worthy recipient of divine blessings to continue the tradition of Guru Nanak's path and bestowed Guruship upon him.

ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ ॥
ਸਤਿਗੁਰ ਕਾ ਭਾਣਾ ਮੰਨਿ ਲਏ ਸਬਦੁ ਰਖੈ ਉਰ ਧਾਰਿ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1247)



*Sri Guru Amar Das ji exemplifying selfless service through water Seva*

## ਮਾਘ JANUARY 2025

| S | M | T | W | T | F | S |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14* | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | 31 | |

* ਸੰਗਰਾਂਦ / *Sangrand*

**HOLIDAYS:**

January 6 - Birthday of Sri Guru Gobind Singh Ji
January 26 - Republic Day

# The Divine Virtues

ਸ੍ਰੀ ਗੁਰੂ ਅਮਰਦਾਸ ਜੀ ਨੇ ਬਜ਼ੁਰਗ ਅਵਸਥਾ ਵਿੱਚ ਆਰੰਭੀ ਗੁਰੂ-ਘਰ ਦੀ ਸੇਵਾ ਨੂੰ 12 ਸਾਲ ਨੇਮ ਸਹਿਤ ਨਿਭਾਇਆ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪ ਜੀ ਦੀ ਸੇਵਾ ਤੋਂ ਖੁਸ਼ ਹੋ ਕੇ ਜਿੱਥੇ ਆਪ ਨੂੰ 'ਨਾਨਕ-ਜੋਤਿ' ਦਾ ਅਗਲਾ ਵਾਰਸ ਥਾਪਿਆ ਉੱਥੇ ਨਾਲ ਹੀ ਉਹਨਾਂ ਨੂੰ ਅਕਾਲ ਪੁਰਖ ਦਾ ਬਿਰਦ ਦ੍ਰਿੜ੍ਹ ਕਰਵਾਉਣ ਵਜੋਂ ਨਿਮਾਣਿਆ ਦਾ ਮਾਣ, ਨਿਤਾਣਿਆ ਦਾ ਤਾਣ, ਨਿਓਟਿਆਂ ਦੀ ਓਟ, ਨਿਆਸਰਿਆਂ ਦਾ ਆਸਰਾ, ਨਿਥਾਵਿਆਂ ਦਾ ਥਾਂਉਂ, ਨਿਲੱਜਿਆਂ ਦੀ ਲੱਜ, ਨਿਪੱਤਿਆਂ ਦੀ ਪੱਤ, ਨਿਗੱਤਿਆਂ ਦੀ ਗਤ, ਨਿਧਰਿਆਂ ਦੀ ਧਿਰ, ਨਿਚੱਜਿਆਂ ਦਾ ਚੱਜ ਆਦਿ ਬਚਨ ਕਹੇ।

Inspired by Sikh philosophy, in his early sixties, Sri Guru Amar Das ji dedicated himself to the service of *Guru-Akal Purakh* with unwavering dedication and discipline for 12 years. Recognising his exceptional qualities, Sri Guru Angad Dev ji honoured him as the third successor of *Nanak-Jyot* (Light of Nanak) and entrusted him with upholding the divine virtues of *Akal Purakh* (the Timeless One): dignity for the humble; strength for the weak; shelter for the forsaken; support for the helpless; place for the homeless; honour for the dishonoured; courage for the timid; power for the powerless; respect for the disrespected and upliftment for the downtrodden.

**ਲਹਣੇ ਪਾਈ ਨਾਨਕੋ ਦੇਣੀ ਅਮਰਦਾਸਿ ਘਰਿ ਆਈ ॥**
**ਗੁਰੁ ਬੈਠਾ ਅਮਰੁ ਸਰੂਪ ਹੋਇ ਗੁਰਮੁਖਿ ਪਾਈ ਦਾਤਿ ਇਲਾਹੀ ॥**

(ਭਾਈ ਗੁਰਦਾਸ, ਵਾਰ 1 ਪਉੜੀ 46)



*Sri Guru Angad Dev ji bestowing Guruship on Sri Guru Amar Das ji*

## ਫੱਗਣ FEBRUARY 2025

| S | M | T | W | T | F | S |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12* | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | |

* ਸੰਗਰਾਂਦ / *Sangrand*

**HOLIDAYS:**

February 12 - Birthday of Sri Guru Ravi Dass Ji
February 26 - Maha Shivratri

Sri Guru Gobind Singh College
**SECTOR 26, CHANDIGARH**

# Goindwal Sahib: Embodying Equity & Community

ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਦੇ ਆਦੇਸ਼ਾਂ ਅਨੁਸਾਰ ਬਿਆਸ ਦਰਿਆ ਦੇ ਕਿਨਾਰੇ ਗੋਇੰਦਵਾਲ ਨਗਰ ਵਸਾਇਆ। ਇਸ ਸਥਾਨ ’ਤੇ ਗੁਰੂ ਸਾਹਿਬ ਨੇ ਭਾਈਚਾਰਕ ਸਾਂਝ ਵਧਾਉਣ ਲਈ ਇੱਕ ਵੱਡੀ ਬਾਉਲੀ ਦਾ ਨਿਰਮਾਣ ਕਰਵਾਇਆ ਜਿੱਥੇਂ ਹਰ ਕੋਈ ਬਿਨ੍ਹਾਂ ਕਿਸੇ ਭੇਦ-ਭਾਵ ਅਤੇ ਜਾਤੀ ਵਿਤਕਰੇ ਤੋਂ ਪਾਣੀ ਦੀ ਹਰ ਲੋੜ ਪੂਰੀ ਕਰ ਸਕਦਾ ਸੀ। ਗੋਇੰਦਵਾਲ ਸਾਹਿਬ ਵਿਖੇ ਹੋ ਰਹੀ ਉਸਾਰੀ ਨੇ ਇਸ ਨੂੰ ਇੱਕ ਸੁੰਦਰ ਨਗਰੀ ਬਣਾ ਦਿੱਤਾ। ਗੁਰੂ ਅਮਰਦਾਸ ਜੀ ਨੇ ਕਰਤਾਰਪੁਰ ਅਤੇ ਖਡੂਰ ਸਾਹਿਬ ਉਪਰੰਤ ਇਸ ਸਥਾਨ ’ਤੇ ਵਪਾਰੀਆਂ ਅਤੇ ਦਸਤਕਾਰਾਂ ਨੂੰ ਵਸਾ ਕੇ ਗੁਰੂ ਨਾਨਕ ਦੇ ਸ਼ਹਿਰੀ ਵਪਾਰਕ ਕੇਂਦਰਾਂ ਦੀ ਸਥਾਪਨਾ ਰਾਹੀਂ ਸਿੱਖੀ-ਪ੍ਰਚਾਰ ਦੇ ਮਿਸ਼ਨ ਦੀ ਲੜੀ ਨੂੰ ਅਗਾਂਹ ਤੋਰਿਆ ਜਿਸ ਨਾਲ ਲੋਕਾਂ ਵਿੱਚ ਮਾਨਸਿਕ ਅਤੇ ਆਰਥਿਕ ਖ਼ੁਸ਼ਹਾਲੀ ਆਈ।

Sri Guru Amar Das ji, following the instructions of Sri Guru Angad Dev ji, established the town of Goindwal on the banks of river Beas. At this site, Guru Sahib constructed a grand *Baoli* (stepwell) which served as an egalitarian space where individuals from all castes could draw water to fulfill all their requirements. These efforts transformed Goindwal Sahib into a beautiful and thriving town. After Kartarpur and Khadur Sahib, Sri Guru Amar Das ji settled merchants and artisans here, furthering Guru Nanak's mission of establishing flourishing trade centres to propagate Sikh teachings. Through these efforts, Goindwal Sahib emerged as one of the early urban centres for economic activity, spiritual growth and social equality.

**ਗੋਬਿੰਦ ਵਾਲੁ ਗੋਬਿੰਦ ਪੁਰੀ ਸਮ ਜਲੰਨ ਤੀਰਿ ਬਿਪਾਸ ਬਨਾਯਉ ॥**
**ਗਯਉ ਦੁਖੁ ਦੂਰਿ ਬਰਖਨ ਕੋ ਸੁ ਗੁਰੂ ਮੁਖੁ ਦੇਖਿ ਗਰੂ ਸੁਖੁ ਪਾਯਉ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1400)



*Construction of the historic Baoli at Goindwal Sahib*

## ਚੇਤ MARCH 2025

| S | M | T | W | T | F | S |
|---|---|---|---|---|---|---|
| 30 | 31 | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14* | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |

* ਸੰਗਰਾਂਦ / *Sangrand*

**HOLIDAYS:**

March 14 - Holi
March 23 - Shahidi Divas of S. Bhagat Singh Ji
March 31 - Id-ul-Fitr

# Vaisakhi Jor Mela: Celebrating Sikh Values & Devotion

ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖ ਸੰਗਤਾਂ ਨੂੰ ਗੁਰੂ ਨਾਨਕ ਦਾ ਆਗਮਨ-ਪੁਰਬ ਦਾ ਦਿਹਾੜਾ ਹੋਣ ਕਾਰਣ ਵਿਸਾਖੀ ਨੂੰ ਵੱਡੇ ਪੱਧਰ 'ਤੇ ਗੋਇੰਦਵਾਲ ਵਿਖੇ ਮਨਾਉਣ ਦਾ ਆਦੇਸ਼ ਦਿੱਤਾ। ਸੰਗਤੀ ਰੂਪ ਵਿੱਚ ਮਨਾਏ ਜਾਂਦੇ ਇਹ ਦਿਨ-ਦਿਹਾੜੇ ਭਾਈਚਾਰਕ ਸਾਂਝ ਵਧਾਉਣ, ਸਮਾਜਕ ਏਕਤਾ ਨੂੰ ਮਜ਼ਬੂਤ ਕਰਨ ਅਤੇ ਸਿੱਖੀ-ਸਿਧਾਂਤਾਂ ਨੂੰ ਦ੍ਰਿੜ੍ਹ ਕਰਨ ਦੇ ਨਾਲ-ਨਾਲ ਸੰਗਤਾਂ ਦੇ ਆਤਮਕ ਵਿਗਾਸ ਲਈ ਸਹਾਇਕ ਹੋਏ। ਸਮਾਂ ਪਾ ਕੇ 'ਵਿਸਾਖੀ' ਦਾ ਦਿਨ ਸਿੱਖਾਂ ਦੇ ਕੌਮੀ ਤਿਉਹਾਰ ਦਾ ਰੂਪ ਧਾਰਨ ਕਰ ਗਿਆ।

Sri Guru Amar Das ji instructed the Sikh *Sangat* to gather annually at Goindwal to celebrate the auspicious festival of Vaisakhi, as it commemorated the *Parkash Purab* of Sri Guru Nanak Dev ji. These gatherings, observed collectively, played a vital role in fostering communal harmony, strengthening social unity and reinforcing Sikh principles. Additionally, they contributed significantly to the spiritual growth of the devotees. Over time, *Vaisakhi* evolved into a prominent national festival for the Sikhs.

ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ ॥
ਦੁਰਮਤਿ ਮੈਲੁ ਹਰੀ ਅਗਿਆਨੁ ਅੰਧੇਰੁ ਗਇਆ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1116)



*Vaisakhi Jor Mela: A vibrant festival of devotion & togetherness*

## ਵੈਸਾਖ APRIL 2025

| S | M | T | W | T | F | S |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13* | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | | | |

* ਸੰਗਰਾਂਦ / *Sangrand*

**HOLIDAYS:**

April 6 - Ram Navami
April 10 - Mahavir Jayanti
April 13 - Vaisakhi
April 14 - Birthday of Dr B.R. Ambedkar
April 18 - Good Friday
April 29 - Parshuram Jayanti

# Manjis and Pirhis: Fostering Leadership among Men & Women

ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਅਲੱਗ-ਅਲੱਗ ਸਥਾਨਾਂ ’ਤੇ 22 ਮੰਜੀਆਂ ਅਤੇ 52 ਪੀੜ੍ਹੇ ਸਥਾਪਤ ਕੀਤੇ। ਇਹ ਮੰਜੀਦਾਰ, ਆਚਰਣ ਦੀ ਮੂਰਤ ਅਤੇ ਭਗਤੀ ਭਾਵ ਵਿੱਚ ਰੰਗੇ, ਸੇਵਾ ਵਿੱਚ ਨਿਪੁੰਨ, ਗੁਰੂ-ਪਾਤਸ਼ਾਹ ਕੋਲੋਂ ਬਖਸ਼ਿਸ਼ਾਂ ਲੈ ਕੇ ਵਰੋਸਾਏ ਹੁੰਦੇ ਸਨ ਜੋ ਸੰਗਤਾਂ ਨੂੰ ਗੁਰਮਤਿ ਦ੍ਰਿੜ੍ਹ ਕਰਵਾਉਂਦੇ। ਗੁਰੂ ਸਾਹਿਬ ਨੇ ਸਿੱਖੀ ਦੇ ਪ੍ਰਚਾਰ ਲਈ 52 ਪੀੜ੍ਹਿਆਂ ਦਾ ਮੁਖੀ ਬੀਬੀਆਂ ਨੂੰ ਬਣਾ ਕੇ ਔਰਤ-ਮਰਦ ਬਰਾਬਰੀ ਦੀ ਨਵੀਂ ਮਿਸਾਲ ਕਾਇਮ ਕੀਤੀ।

Sri Guru Amar Das ji established 22 *Manjis* (seats of authority) and 52 *Pirhis* (sub-centres) at various locations to promote and expand *Sikhi*. The custodians of these *Manjis* were individuals of exceptional character, deeply devoted and skilled in selfless service, regardless of social status. They were entrusted by the Guru to guide congregations and lead them on the path of *Gurmat* (righteousness). Guru Sahib set a precedent of equality between men and women by appointing women as heads of the 52 *Pirhis*.

**ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥**
**ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 920)



Sri Guru Amar Das ji fostering inclusive leadership for both men & women

## ਜੇਠ MAY 2025

| S | M | T | W | T | F | S |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14* | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

* ਸੰਗਰਾਂਦ / *Sangrand*

**HOLIDAYS:**

May 30 - Martyrdom Day of Sri Guru Arjun Dev Ji

# Reformative Vision: Challenging Casteism, Idol Worship & Ritualism

ਸ੍ਰੀ ਗੁਰੂ ਅਮਰਦਾਸ ਜੀ ਨੇ ਜਾਤ-ਪਾਤ, ਛੂਤ-ਛਾਤ, ਕਰਮ-ਕਾਂਡਾਂ, ਮੂਰਤੀ-ਪੂਜਾ ਆਦਿ ਪ੍ਰਥਾਵਾਂ ਦਾ ਵਿਰੋਧ ਕਰਦਿਆਂ ਬਰਾਬਰਤਾ ਦਾ ਸੰਦੇਸ਼ ਦਿੱਤਾ। ਆਪ ਨੇ ਹਮੇਸ਼ਾ ਅਕਾਲ ਪੁਰਖ ਦੇ ਗੁਣਾਂ (ਨਾਮ) ਦੇ ਸਿਮਰਨ ’ਤੇ ਜ਼ੋਰ ਦਿੱਤਾ। ਗੁਰੂ ਸਾਹਿਬ ਅਨੁਸਾਰ ਪਰਮਾਤਮਾ ਦੇ ਦਰ ’ਤੇ ਰੰਗ, ਨਸਲ, ਜਾਤ, ਵਰਣ, ਕੁੱਲ ਆਦਿ ਦੇ ਭੇਦ ਨਸ਼ਟ ਹੋ ਜਾਂਦੇ ਹਨ। ਉਨ੍ਹਾਂ ਦੀਆਂ ਸਿੱਖਿਆਵਾਂ ਕਰਮ-ਕਾਂਡ ਦੀ ਬਜਾਏ ਅੰਦਰੂਨੀ ਅਧਿਆਤਮਕ ਵਿਕਾਸ ਅਤੇ ਨੈਤਿਕ ਆਚਰਣ ’ਤੇ ਕੇਂਦ੍ਰਿਤ ਹਨ ਜੋ ਸਿੱਖਾਂ ਨੂੰ ਸਮਾਨਤਾ, ਏਕਤਾ, ਸ਼ਰਧਾ ਅਤੇ ਨਿਰਸਵਾਰਥ ਸੇਵਾ ’ਤੇ ਆਧਾਰਤ ਜੀਵਨ ਜਿਊਣ ਲਈ ਪ੍ਰੇਰਿਤ ਕਰਦੀਆਂ ਹਨ।

Sri Guru Amar Das ji rejected idol worship, casteism, untouchability and ritualism emphasising the worship of the only formless One (*Akal Purakh*). According to Guru Sahib, at the Lord's door, all distinctions based on colour, race, caste and family are erased. His teachings focus on internal spiritual development and moral conduct rather then ritualism which inspire his disciples to lead their lives with equality, unity, devotion and selfless service. Condemning caste pride, Guru Sahib highlighted its role in fostering vices and advocated humility, compassion and human dignity.

**ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥**
**ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ1127)



*Sri Guru Amar Das ji promoting freedom from casteism, idol worship & ritualism*

## ਹਾੜ    JUNE 2025

| S | M | T | W | T | F | S |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15* | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | | | | | |

* ਸੰਗਰਾਂਦ / *Sangrand*

**HOLIDAYS:**

June 7 - Id-ul-Zuha (Bakrid)

# Sri Guru Gobind Singh College

**SECTOR 26, CHANDIGARH**

# Social Reforms: Transforming the Status of Women

ਪੁਰਾਤਨ ਸਮਿਆਂ ਤੋਂ ਹੀ ਸਮਾਜ ਵਿੱਚ ਔਰਤਾਂ ਨੂੰ ਬਹੁਤ ਸਾਰੀਆਂ ਕੁਰੀਤੀਆਂ ਜਿਵੇਂ ਬਾਲ-ਵਿਆਹ, ਸਤੀ-ਪ੍ਰਥਾ ਅਤੇ ਪਰਦਾ-ਪ੍ਰਥਾ ਆਦਿ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਗੁਰੂ ਨਾਨਕ ਵੱਲੋਂ ਇਸਤਰੀ ਦੇ ਉੱਥਾਨ ਲਈ ਉਠਾਈ ਆਵਾਜ਼ ਨੂੰ ਹੋਰ ਬੁਲੰਦ ਕਰਦਿਆਂ ਗੁਰੂ ਅਮਰਦਾਸ ਜੀ ਨੇ ਔਰਤਾਂ ਨੂੰ ਇਹਨਾਂ ਕੁਰੀਤੀਆਂ ਤੋਂ ਨਿਜਾਤ ਦਿਵਾਉਣ ਲਈ ਇਨਕਲਾਬੀ ਕਦਮ ਉਠਾਏ। ਗੁਰੂ ਸਾਹਿਬ ਨੇ ਸਤੀ-ਪ੍ਰਥਾ ਨੂੰ ਰੋਕਣ ਲਈ ਸਤੀ ਦੇ ਅਸਲ ਅਰਥ ਨੂੰ ਸਮਝਾਇਆ ਅਤੇ ਦੱਸਿਆ ਕਿ ਅਸਲ ਸਤੀ ਉਹ ਹੈ ਜੋ ਆਪਣੇ ਪਤੀ ਦੇ ਵਿਛੋੜੇ ਦੇ ਦੁੱਖ ਨਾਲ ਜੀਵਨ ਬਤੀਤ ਕਰਦੀ ਹੈ। ਇਸ ਦੇ ਨਾਲ ਹੀ ਗੁਰੂ ਸਾਹਿਬ ਨੇ 'ਵਿਧਵਾ ਵਿਆਹ' ਦੀ ਨਵੀਂ ਪਿਰਤ ਪ੍ਰਚੱਲਤ ਕਰ ਕੇ ਵਿਧਵਾਵਾਂ ਨੂੰ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕਰਨ ਦਾ ਅਧਿਕਾਰ ਦਿੱਤਾ। ਗੁਰੂ ਸਾਹਿਬ ਨੇ ਬਾਲ-ਵਿਆਹ ਅਤੇ ਪਰਦਾ-ਪ੍ਰਥਾ ਦੀ ਵੀ ਸਖ਼ਤ ਨਿੰਦਾ ਕੀਤੀ। ਇਸ ਤਰ੍ਹਾਂ ਗੁਰੂ ਸਾਹਿਬ ਨੇ ਔਰਤਾਂ ਨੂੰ ਗੌਰਵਮਈ ਜੀਵਨ ਜਿਊਣ ਲਈ ਹੌਂਸਲਾ ਪ੍ਰਦਾਨ ਕੀਤਾ।

In the earlier times women faced societal injustices like child marriage, *sati* and *purdah* system. Building on Guru Nanak's call for the upliftment of women, Sri Guru Amar Das ji took revolutionary steps for the liberation of women. He condemned *sati*, redefining it as (the one) enduring the pain of a husband's separation with courage rather than (committing) self-immolation. He introduced widow remarriage giving widows the right to start anew, challenging oppressive traditions. Guru Sahib also rejected child marriage and *purdah*, which restricted women's intellectual and personal growth. Thus, he empowered women with spiritual and social dignity, providing them with guidance to lead meaningful and fulfilling lives.

**ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ੍ ॥**
**ਨਾਨਕ ਸਤੀਆ ਜਾਣੀਅਨਿ੍ ਜਿ ਬਿਰਹੇ ਚੋਟ ਮਰੰਨਿ੍ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 787)



*Sri Guru Amar Das ji supporting widow remarriage with fairness & respect*

## ਸਾਵਣ JULY 2025

| S | M | T | W | T | F | S |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16* | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | 31 | | |

* ਸੰਗਰਾਂਦ / *Sangrand*

**HOLIDAYS:**
July 6 - Muharram

# Sri Guru Gobind Singh College
**SECTOR 26, CHANDIGARH**

# Langar: A Sacred Act of Social Equality & Universal Humanity

ਸ੍ਰਿਸ਼ਟੀ ਦਾ ਸਿਰਜਣਹਾਰ ਅਕਾਲ ਪੁਰਖ ਹੈ। ਉਸ ਨੇ ਸਾਰਿਆਂ ਲਈ ਬਰਾਬਰ ਰਿਜ਼ਕ ਮੁਹੱਈਆ ਕੀਤਾ ਹੈ। ਇਸ ਲਈ ਕੋਈ ਵੀ ਜੀਵ ਭੁੱਖਾ ਨਹੀਂ ਰਹਿਣਾ ਚਾਹੀਦਾ। ਗੁਰੂ-ਅਕਾਲ-ਪੁਰਖ ਨੇ ਇਸ ਬਿਰਦ ਨੂੰ ਪਾਲਣ ਲਈ ਮਨੁੱਖਾਂ ਵਾਸਤੇ ਨਾਨਕ ਰੂਪ ਵਿੱਚ ਲੰਗਰ ਆਰੰਭ ਕੀਤੇ। ਗੁਰੂ ਅਮਰਦਾਸ ਜੀ ਨੇ 'ਨਾਨਕ ਜੋਤਿ' ਦੇ ਜਾਤ-ਪਾਤ ਅਤੇ ਸਮਾਜਕ ਭੇਦ-ਭਾਵ ਨੂੰ ਮਿਟਾਉਣ ਦੇ ਆਸ਼ੇ ਦੀ ਪੂਰਤੀ ਲਈ ਲੰਗਰ ਦੀ ਪ੍ਰਥਾ ਨੂੰ ਪ੍ਰਪੱਕ ਕੀਤਾ ਜਿਸ ਲਈ ਗੁਰੂ ਸਾਹਿਬ ਨੇ ਸਿੱਖ ਸੰਗਤ ਨੂੰ 'ਪਹਿਲੇ ਪੰਗਤ ਪਾਛੈ ਸੰਗਤ' ਦਾ ਆਦੇਸ਼ ਦਿੱਤਾ। ਅਕਬਰ ਬਾਦਸ਼ਾਹ ਨੂੰ ਵੀ ਗੁਰੂ ਅਮਰਦਾਸ ਜੀ ਨੂੰ ਮਿਲਣ ਤੋਂ ਪਹਿਲਾਂ ਪੰਗਤ ਵਿੱਚ ਬੈਠ ਕੇ ਲੰਗਰ ਛਕਣਾ ਪਿਆ। ਇਸ ਤੋਂ ਪ੍ਰਭਾਵਤ ਹੋ ਕੇ ਅਕਬਰ ਨੇ ਲੰਗਰ ਲਈ ਜ਼ਮੀਨ ਅਤੇ ਧਨ ਦੀ ਪੇਸ਼ਕਸ਼ ਕੀਤੀ ਜਿਸ ਨੂੰ ਗੁਰੂ ਸਾਹਿਬ ਵੱਲੋਂ ਅਸਵੀਕਾਰ ਕਰਨ ਦੇ ਬਾਵਜੂਦ ਵੀ ਉਸ ਨੇ 22 ਪਿੰਡਾਂ ਦੀ ਜ਼ਮੀਨ ਬੀਬੀ ਭਾਨੀ ਜੀ ਦੇ ਨਾਮ ਕਰ ਦਿੱਤੀ।

*Akal Purakh*, the Creator, has provided sustenance for all so that none remains hungry. Embracing this responsibility of *Akal Purakh* as initiated by Guru Nanak, Sri Guru Amar Das ji advanced the tradition of *langar* to combat hunger and eradicate social discrimination. He instructed the Sikh *sangat* to practice the principle of "*Pehle Pangat, Pachhe Sangat*," meaning one must first sit in the communal meal before seeking the Guru's *darshan*. Even Emperor Akbar had to partake in the *langar* before meeting Sri Guru Amar Das ji. This practice deeply impressed Akbar, who offered land and wealth for *langar*, but Guru Sahib declined, though Akbar later dedicated 22 villages in the name of Bibi Bhani ji.

**ਦੇਸੀ ਰਿਜਕੁ ਸੰਬਾਹਿ ਜਿਨਿ ਉਪਾਈ ਮੇਦਨੀ ॥**
**ਏਕੋ ਹੈ ਦਾਤਾਰੁ ਸਚਾ ਆਪਿ ਧਣੀ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 755)



*Sangat partaking in Langar, reflecting the true essence of social equality*

## ਭਾਦੋਂ AUGUST 2025

| S | M | T | W | T | F | S |
|---|---|---|---|---|---|---|
| 31 | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16* |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |

* ਸੰਗਰਾਂਦ / *Sangrand*

**HOLIDAYS:**

August 15 - Independence Day

August 16 - Janam Ashtami

# *Anand Sahib: A Hymn of Spiritual Joy & Bliss*

ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ‘ਰਾਮਕਲੀ ਮਹਲਾ ੩ ਅਨੰਦੁ' ਸਿਰਲੇਖ ਹੇਠ ਰਚਿਤ 40 ਪਉੜੀਆਂ ਦੀ ਬਾਣੀ ਸਿੱਖ ਜਗਤ ਵਿੱਚ ਬਹੁਤ ਮਹੱਤਵ ਰੱਖਦੀ ਹੈ। ਅੰਮ੍ਰਿਤ ਸੰਚਾਰ, ਨਿਤਨੇਮ ਅਤੇ ਹਰ ਖ਼ੁਸ਼ੀ-ਗਮੀ ਦੀ ਰਸਮ ਸਮੇਂ ਸਿੱਖ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਅਤੇ ਇੱਕ ਆਖਰੀ ਪਉੜੀ ਨੂੰ ਮਿਲਾ ਕੇ ਛੇ ਪਉੜੀਆਂ ਦਾ ਪਾਠ ਕਰਨ ਮਗਰੋਂ ਪਰਮਾਤਮਾ ਅੱਗੇ ਭਾਣੇ ਵਿੱਚ ਰਹਿ ਕੇ ਸਰਬੱਤ ਦੇ ਭਲੇ ਦੀ ਅਰਦਾਸ ਕਰਦਾ ਹੈ। ‘ਅਨੰਦੁ’ ਉਹ ਵਿਸਮਾਦੀ ਮਾਨਸਿਕ ਅਵਸਥਾ ਹੈ ਜਿੱਥੇ ਪਹੁੰਚ ਕੇ ਮਨ ‘ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ’ ਦੀ ਸੋਝੀ ਪ੍ਰਾਪਤ ਕਰਦਿਆਂ ਗੁਰ-ਮਿਲਾਪ ਹਾਸਿਲ ਕਰ ਕੇ ਆਤਮਕ ਅਨੰਦ ਪ੍ਰਾਪਤ ਕਰਦਾ ਹੈ।

Sri Guru Amar Das ji composed 40 verses of *Ramkali Mahalla Teeja Anand* which holds great significance amongst the Sikhs. During *Amrit Sanchar* (baptism), *Nitnem* (daily prayers) and moments of joy and sorrow, Sikhs recite the first five verses and the final verse of *Anand Sahib* as part of the prayer, followed by a request for the welfare of all beings while remaining in God's will. *Anand* represents a state of bliss where the mind transcends all boundaries, gaining the insight that 'everything is good, there is no defeat, only victory,' while experiencing the union with the Guru. This masterpiece explains Sikh spiritual philosophy, mysticism and the way of life in a simple, melodic style, making it central to Sikh practices.

**ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥**
**ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 917)



*Sri Guru Amar Das ji inspiring Sikh practices through melodic spiritual teachings*

## ਅੱਸੂ SEPTEMBER 2025

| S | M | T | W | T | F | S |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16* | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | | | | |

* ਸੰਗਰਾਂਦ / *Sangrand*

**HOLIDAYS:**

September 22 - Agarsain Jayanti


# Patti Bani: The Spiritual Script

ਸ੍ਰੀ ਗੁਰੂ ਅਮਰਦਾਸ ਜੀ ਦੀ ਰਚਨਾ ‘ਰਾਗੁ ਆਸਾ ਮਹਲਾ ੩ ਪਟੀ’ ਸਿਰਲੇਖ ਅਧੀਨ ਬਾਣੀ ਪੱਟੀ ਵਿੱਚ ਮਨੁੱਖੀ ਜੀਵਨ ਦੇ ਆਦਿ, ਮੱਧ, ਅੰਤ ਅਤੇ ਇਸ ਮਗਰੋਂ ਦੀ ਦਸ਼ਾ ਬਾਰੇ ਚਾਨਣਾ ਪਾਇਆ ਗਿਆ ਹੈ। ਪੱਟੀ ਤੋਂ ਭਾਵ ‘ਫੱਟੀ ਜਾਂ ਤਖ਼ਤੀ’ ਹੈ ਜਿਸ ਉੱਤੇ ਪੂਰਨੇ ਪਾ ਕੇ ਸਿੱਖਿਆਰਥੀ ਦੀ ਅਗਵਾਈ ਕੀਤੀ ਜਾਂਦੀ ਹੈ। ਗੁਰਮੁਖੀ ਅੱਖਰਾਂ ’ਤੇ ਆਧਾਰਤ ਇਸ ਬਾਣੀ ਰਾਹੀਂ ਜਗਿਆਸੂ ਦੇ ਮਨ-ਮਸਤਕ ਦੀ ਫੱਟੀ ਉੱਤੇ ਰੂਹਾਨੀ ਅਤੇ ਨੈਤਿਕ ਪੂਰਨੇ ਪਾ ਕੇ ਜੀਵਨ-ਮੁਖੀ ਰਮਜ਼ਾਂ ਸਮਝਾਈਆਂ ਗਈਆਂ ਹਨ। ਇਸ ਤਰ੍ਹਾਂ ਉਹਨਾਂ ਨੇ ਸਿੱਖੀ ਦੇ ਮੂਲ ਸੰਦੇਸ਼ਾਂ ਨੂੰ ਗੁਰਮੁਖੀ ਲਿਪੀ ਵਿੱਚ ਲਿਖਣ ਅਤੇ ਬਿਆਨਣ ਦਾ ਕੰਮ ਕੀਤਾ ਜਿਸ ਨਾਲ ਇਹ ਲਿਪੀ ਸਿੱਖ ਧਰਮ ਅਤੇ ਗੁਰਬਾਣੀ ਦੇ ਪ੍ਰਚਾਰ ਲਈ ਇੱਕ ਮੁੱਖ ਸਾਧਨ ਬਣ ਗਈ।

The composition *Raag Asa Mahla Teeja Patti* by Sri Guru Amar Das ji delves into the study of human life, shedding light on its beginning, middle, end and the state beyond. The term *Patti* refers to a 'slate' or 'tablet' on which lessons are inscribed to guide learners. Using the framework of *Gurmukhi* letters, this *bani* metaphorically inscribes spiritual and moral lessons on the learner's inner slate, helping seekers understand the divine mysteries of life. In this way, Guru Sahib wrote and conveyed the core messages of Sikhism in *Gurmukhi* script, making it a key tool for the promotion of Sikh faith and *Gurbani*.

**ਅਯੋ ਅੰਙੈ ਸਭੁ ਜਗੁ ਆਇਆ ਕਾਖੈ ਘੰਙੈ ਕਾਲੁ ਭਇਆ ॥**
**ਰੀਰੀ ਲਲੀ ਪਾਪ ਕਮਾਣੇ ਪੜਿ ਅਵਗਣ ਗੁਣ ਵੀਸਰਿਆ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 434)



*Promoting Gurmukhi script through Patti Bani*

## ਕੱਤਕ OCTOBER 2025

| S | M | T | W | T | F | S |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17* | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | 31 | |

* ਸੰਗਰਾਂਦ / *Sangrand*

**HOLIDAYS:**

October 2 - Mahatma Gandhi Jayanti
October 2-3 - Dussehra
October 7 - Birthday of Maharishi Valmiki Ji
October 8 - Birthday of Sri Guru Ram Dass Ji
October 20-21 - Diwali

# Katha and Kirtan: The Spiritual Pillars

ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਲਾਈ ਕਥਾ-ਕੀਰਤਨ ਦੀ ਪਰੰਪਰਾ ਨੂੰ ਅੱਗੇ ਵਧਾਉਂਦਿਆਂ ਗੁਰਬਾਣੀ ਦੇ ਅਰਥਾਂ ਨੂੰ ਪੋਥੀ ਰੂਪ ਦਿੱਤਾ। ਭਾਈ ਗੁਰਦਾਸ ਦੇ ਵਾਕਾਂ 'ਪਾਂਧਾ ਬੂਲਾ ਜਾਣੀਐ ਗੁਰਬਾਣੀ ਗਾਇਣ ਲੇਖਾਰੀ' ਅਨੁਸਾਰ ਜਦੋਂ ਭਾਈ ਬੂਲਾ ਪਾਂਧੇ ਨੇ ਸਿੱਖੀ-ਪ੍ਰਚਾਰ ਲਈ ਗੁਰਬਾਣੀ ਪੜ੍ਹਨ ਅਤੇ ਪ੍ਰੇਮ ਸਹਿਤ ਕਥਾ ਕਰਨ ਦੀ ਆਗਿਆ ਮੰਗੀ ਤਾਂ ਗੁਰੂ ਸਾਹਿਬ ਨੇ ਬਾਣੀ ਅਤੇ ਅਰਥਾਂ ਨੂੰ ਲਿਖ ਕੇ ਪੋਥੀ ਰੂਪ ਵਿੱਚ ਸੰਭਾਲਣ ਦਾ ਆਦੇਸ਼ ਦਿੱਤਾ। ਗੁਰੂ ਸਾਹਿਬ ਨੇ ਸਿੱਖਾਂ ਨੂੰ ਸਿਦਕ ਨਾਲ, ਮਨ ਦਾ ਮਾਣ ਤਿਆਗ ਕੇ, ਨਿਸ਼ਕਾਮ ਭਾਵ ਨਾਲ ਪਰਮਾਤਮਾ ਦੀ ਉਸਤਤ (ਕੀਰਤਨ) ਕਰਨ ਦਾ ਉਪਦੇਸ਼ ਦਿੱਤਾ।

Sri Guru Amar Das ji continued the tradition of *katha* and *kirtan* initiated by Sri Guru Nanak Dev ji, giving the teachings of *Gurbani* a more structured form in written scriptures. When Bhai Boola Pandha sought permission to read *Gurbani* and perform *katha* with love and devotion, Guru Sahib assigned them the task of preserving *Gurbani* and it's meaning by writing in the form of a *Pothi*. According to Bhai Gurdas, 'Pandha Boola are known as those who sing *Gurbani* and are scribes of its verses'. Guru Sahib emphasised to the Sikhs the importance of singing God's praises with sincerity, humility and selflessness.

**ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ ॥**
**ਜਿ ਸਤਿਗੁਰ ਭਾਵੈ ਸੁ ਮੰਨਿ ਲੈਨਿ ਸੇਈ ਕਰਮ ਕਰੇਨਿ ॥**
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 951)



*Sri Guru Amar Das ji formalising Katha & Kirtan through written scriptures*

## ਮੱਘਰ NOVEMBER 2025

| S | M | T | W | T | F | S |
|---|---|---|---|---|---|---|
| 30 | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16* | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |

* ਸੰਗਰਾਂਦ / *Sangrand*

**HOLIDAYS:**

November 5 - Birthday of Sri Guru Nanak Dev Ji
November 25 - Martyrdom Day of Sri Guru Teg Bahadur Ji

# *Guru ka Chak: Foundation of Amritsar's Legacy*

ਸ਼ਹਿਰੀ ਤੇ ਵਪਾਰਕ ਕੇਂਦਰ ਸਥਾਪਤ ਕਰਨ ਦੇ ਸਿਲਸਿਲੇ ਦੀ ਅਗਲੀ ਕੜੀ ਵਜੋਂ ਗੁਰੂ ਅਮਰਦਾਸ ਜੀ ਦੇ ਹੁਕਮ ਅਨੁਸਾਰ ਸ੍ਰੀ ਗੁਰੂ ਰਾਮਦਾਸ ਜੀ ਨੇ ਰਾਵੀ ਅਤੇ ਬਿਆਸ ਦਰਿਆਵਾਂ ਦੇ ਵਿਚਕਾਰ ਸੰਘਣੇ ਜੰਗਲਾਂ ਨਾਲ ਭਰਪੂਰ ਰਮਣੀਕ ਸਥਾਨ 'ਤੇ ਸਰੋਵਰ ਦਾ ਟੱਕ ਲਾ ਕੇ 'ਗੁਰੂ ਕਾ ਚੱਕ' ਨਗਰ ਦੀ ਮੋੜ੍ਹੀ ਗੱਡੀ। ਸ੍ਰੀ ਗੁਰੂ ਅਮਰਦਾਸ ਜੀ ਦੇ ਸੇਵਕਾਂ ਭਾਈ ਸਾਲੋ, ਭਾਈ ਚੰਦਰ ਭਾਨ, ਭਾਈ ਰੂਪ ਰਾਮ ਅਤੇ ਭਾਈ ਗੁਰੀਆ ਨੇ ਗੁਰੂ ਸਾਹਿਬ ਦੇ ਆਦੇਸ਼ਾਂ ਨਾਲ 52 ਕਿੱਤਿਆਂ ਦੇ ਲੋਕਾਂ ਨੂੰ ਇੱਥੇ ਲਿਆ ਕੇ ਵਸਾਇਆ। ਸ੍ਰੀ ਗੁਰੂ ਰਾਮਦਾਸ ਜੀ ਦੇ ਦਰਸ਼ਨਾਂ ਨੂੰ ਆਉਣ ਵਾਲੀਆਂ ਸੰਗਤਾਂ ਵੱਲੋਂ ਇਸ ਸਥਾਨ ਨੂੰ 'ਰਾਮਦਾਸ ਪੁਰ' ਕਿਹਾ ਜਾਣ ਲੱਗਾ ਜੋ ਬਾਅਦ ਵਿੱਚ 'ਸ੍ਰੀ ਅੰਮ੍ਰਿਤਸਰ' ਨਾਮ ਨਾਲ ਜਾਣਿਆ ਜਾਣ ਲੱਗਾ। ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਇਸ ਸਥਾਨ 'ਤੇ 'ਦਰਬਾਰ ਸਾਹਿਬ' ਦੀ ਸਥਾਪਨਾ ਕਰ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਕਰਵਾਇਆ ਗਿਆ।

As the next step in establishing urban and commercial centres, at the behest of Sri Guru Amar Das ji, Sri Guru Ram Das ji established Guru ka Chak at a scenic site between Ravi and Beas rivers, surrounded by dense forests. The foundation of this city was marked by the construction of a *sarovar* (the holy water tank). Under the guidance of Sri Guru Amar Das ji, his disciples Bhai Salo, Bhai Chandar Bhan, Bhai Roop Ram and Bhai Guriya settled individuals practicing 52 different trades in Guru Ka Chak. As devotees visited to seek the *darshan* (glimpse) of Guru Ram Das ji, it came to be known as Ram Das Pur which later developed as Amritsar. Finally, Sri Guru Arjan Dev Ji established the *Darbar Sahib* at this place and organised the first installation of Sri Guru Granth Sahib.

**ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸੁ ਹੋਹੈ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 492)



*Establishment of Amritsar*

## ਪੋਹ DECEMBER 2025

| S | M | T | W | T | F | S |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15* | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | 31 | | | |

* ਸੰਗਰਾਂਦ / *Sangrand*

**HOLIDAYS:**

December 25 - Christmas Day

**Sri Guru Gobind Singh College**, Chandigarh's first co-educational institution, upholds a remarkable legacy of over 55 years. Managed by the Sikh Educational Society, established in 1936 in Lahore to advance quality education, the College has earned an 'A' Grade accreditation from NAAC, reflecting its academic excellence and dedication to holistic development.

The College emblem, designed by the renowned artist Sardar Sobha Singh, ratifies the institution's dedication to equality and inclusivity. Symbolising the flame of knowledge, the power of the pen and spiritual strength, it is inscribed with the timeless dictum of Sri Guru Gobind Singh Ji: 'All human beings have equal rights to fraternity, identity and justice.'

Rooted in the Sikh tradition of *Seva* - selfless service, the College prioritises moral integrity, social awareness and personality development of the student with progressive policies in academics, research, creative initiatives and welfare. Infrastructure enhancement is evident through the state-of-the-art Campus including a digitised Library, well-equipped Laboratories, Smart Classrooms, and a modern Conference Hall with advanced audio-visual capabilities.

Its commitment to environmental sustainability is evident in the mini-urban forest on Campus, along with proactive measures to promote heritage and cultural preservation. The College is also a hub for sports excellence, with athletes achieving international representation and bringing laurels to the institution. The Alumni, established in diverse fields, remain closely connected to their alma mater, contributing significantly to its growth and success.

The College is affiliated to PU Chandigarh and offers a vast variety of courses -

**UG Degree Programmes (Under NEP Curriculum)**

**BA (3 years), BA Honours (4 years) & BA Honours with Research (4 years)**

(Major/ Minor in Economics; English; Hindi; History; Mathematics; Physical Education; Political Science; Public Administration; Punjabi; Sociology; Comparative Study of Religion; Defence & Strategic Studies; Computer Science & Applications; Hindustani Classical Music (Instrumental); Hindustani Classical Music (Vocal); Psychology)

**BSc (3 years), BSc Honours (4 years) & BSc Honours with Research (4 years)**

(Major/ Minor in Botany; Chemistry; Mathematics; Physics; Zoology; Biotechnology; Computer Science and Applications; Microbiology)

**BCom/ BBA (3 years), BCom/ BBA Honours (4 years) & BCom/ BBA Honours with Research (4 years) | BSc Biotechnology (3 years), BSc Biotechnology Honours (4 years) & BSc Biotechnolgy Honours with Research (4 years) | BCA (3 years), BCA Honours (4 years) & BCA Honours with Research (4 years)**

**PG Degree Programmes** MCom; MSc (Chemistry/ Mathematics/ Physics/ Zoology/ Biotechnology/ Microbial Biotechnology/ Information Technology); MA (Economics/ English/ Punjabi/ Sociology/ History/ Political Science)

**PG Diploma in Computer Applications | Add-on Certificate Courses:** E-Commerce/ E-Banking/ Floriculture and Landscape/ Environment Auditing/ Persian/ Sanskrit/ Urdu/ Social Work and Field Intervention **| UGC Approved Skill- Based Vocational Course -** Diploma in Journalism and Mass Communication **| 30 Hour Certificate Courses** by MGNCRE; VENTEL; Centre for Religious and Cultural Studies; Tally Education Pvt Ltd; SWAYAM/ NPTEL and IIT Bombay Spoken Tutorial

---

**Images Courtesy : The Panjab Digital Library**

**Artist : Sardar Devender Singh**, *born in 1947, is a distinguished contemporary artist renowned for his exceptional paintings on Sikh heritage. His artwork is deeply embedded in Sikh consciousness and serves as a testament to its rich cultural legacy.*

# Sri Guru Gobind Singh College

## SECTOR 26, CHANDIGARH

ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ।

# Sri Guru Gobind Singh College

## SECTOR 26, CHANDIGARH

**Follow us :** /sggsc26Chd

# CALENDAR-2025

### JANUARY 2025

| S | M | T | W | T | F | S |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | 31 | |

### FEBRUARY 2025

| S | M | T | W | T | F | S |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | |

### MARCH 2025

| S | M | T | W | T | F | S |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |
| 30 | 31 | | | | | |

### APRIL 2025

| S | M | T | W | T | F | S |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | | | |

### MAY 2025

| S | M | T | W | T | F | S |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

### JUNE 2025

| S | M | T | W | T | F | S |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | | | | | |

### JULY 2025

| S | M | T | W | T | F | S |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | 31 | | |

### AUGUST 2025

| S | M | T | W | T | F | S |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |
| 31 | | | | | | |

### SEPTEMBER 2025

| S | M | T | W | T | F | S |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | | | | |

### OCTOBER 2025

| S | M | T | W | T | F | S |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | 31 | |

### NOVEMBER 2025

| S | M | T | W | T | F | S |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |
| 30 | | | | | | |

### DECEMBER 2025

| S | M | T | W | T | F | S |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | 31 | | | |

# CALENDAR-2026

### JANUARY 2026

| S | M | T | W | T | F | S |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

### FEBRUARY 2026

| S | M | T | W | T | F | S |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |

### MARCH 2026

| S | M | T | W | T | F | S |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | 31 | | | | |

### APRIL 2026

| S | M | T | W | T | F | S |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | | |

### MAY 2026

| S | M | T | W | T | F | S |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |
| 31 | | | | | | |

### JUNE 2026

| S | M | T | W | T | F | S |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | | | | |

### JULY 2026

| S | M | T | W | T | F | S |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | 31 | |

### AUGUST 2026

| S | M | T | W | T | F | S |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |
| 30 | 31 | | | | | |

### SEPTEMBER 2026

| S | M | T | W | T | F | S |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | | | |

### OCTOBER 2026

| S | M | T | W | T | F | S |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

### NOVEMBER 2026

| S | M | T | W | T | F | S |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | | | | | |

### DECEMBER 2026

| S | M | T | W | T | F | S |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | 31 | | |

## Sri Guru Gobind Singh College

**SECTOR 26, CHANDIGARH**